# ਸੈਂਟਾ ਕਲਾਰਾ ਕਾਉਂਟੀ ਵਿੱਚ ਵੋਟ ਪਾਉਣ ਲਈ ਤੁਹਾਡੇ ਹੱਕ

ਕੈਲੀਫੋਰਨੀਆ ਵਿੱਚ ਨਵੰਬਰ 2020 ਦੀਆਂ ਆਮ ਚੋਣਾਂ

ASIAN AMERICANS ADVANCING JUSTICE
ASIAN LAW CAUCUS

ਸਾਰੇ ਰਜਿਸਟਰਡ ਵੋਟਰਾਂ ਨੂੰ ਡਾਕ ਰਾਹੀਂ ਬੈਲੱਟ ਭੇਜਣੇ ਸ਼ੁਰੂ ਕਰਨ ਦੀ ਤਾਰੀਖ: **ਸੋਮਵਾਰ, 5 ਅਕਤੂਬਰ 2020**
ਡਾਕ ਰਾਹੀਂ ਮਿਲੇ ਬੈਲੱਟ ਮੋੜਨ ਲਈ ਬੈਲੱਟ ਡ੍ਰੌਪ ਬਾਕਸ ਖੁੱਲਣ ਦੀ ਤਾਰੀਖ: **ਸੋਮਵਾਰ, 5 ਅਕਤੂਬਰ 2020**
ਚੋਣ ਸਮੱਗਰੀ ਸਮੇਂ ਸਿਰ ਪ੍ਰਾਪਤ ਕਰਨ ਲਈ ਵੋਟਰ ਰਜਿਸਟ੍ਰੇਸ਼ਨ ਦੀ ਆਖਰੀ ਤਾਰੀਖ: **ਸੋਮਵਾਰ, 19 ਅਕਤੂਬਰ 2020**
ਖੁਦ ਜਾ ਕੇ ਵੋਟ ਪਾਉਣ ਲਈ ਬਣੇ ਵੋਟਿੰਗ ਸੈਂਟਰ ਖੁੱਲੇ ਹਨ: **ਸ਼ਨਿੱਚਰਵਾਰ, 31 ਅਕਤੂਬਰ 2020 ਤੋਂ ਮੰਗਲਵਾਰ, 3 ਨਵੰਬਰ 2020 ਤੱਕ**
ਸੈਂਟਾ ਕਲਾਰਾ ਕਾਉਂਟੀ ਮੁੱਖ ਚੋਣ ਦਫਤਰ ਦਾ ਨੰਬਰ: 866-430-VOTE (8683)

## ਵੋਟ ਪਾਉਣ ਦੀ ਤਿਆਰੀ ਕਿਵੇਂ ਕਰਨੀ ਹੈ

ਕਿਸੇ ਵੀ ਚੋਣ ਵਿੱਚ ਵੋਟ ਪਾਉਣ ਤੋਂ ਪਹਿਲਾਂ ਤੁਹਾਨੂੰ ਰਜਿਸਟਰ ਹੋਣਾ ਪੈਂਦਾ ਹੈ। ਜੇ ਤੁਸੀਂ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋ, ਤਾਂ ਤੁਸੀਂ ਵੋਟਰ ਬਣ ਸਕਦੇ ਹੋ:

- ਤੁਸੀਂ ਅਮਰੀਕਨ ਨਾਗਰਿਕ (ਸਿਟੀਜ਼ਨ) ਹੋ
- ਤੁਸੀਂ ਕੈਲੀਫੋਰਨੀਆ ਦੇ ਰਹਿਣ ਵਾਲੇ ਹੋ
- ਚੋਣਾਂ ਦੇ ਦਿਨ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਵੇਗੀ
- ਤੁਸੀਂ ਇਸ ਵੇਲੇ ਜੇਲ ਵਿੱਚ ਨਹੀਂ, ਜਾਂ ਕਿਸੇ ਗੰਭੀਰ ਫੈਲੋਨੀ ਅਪਰਾਧ ਕਰਕੇ ਪੈਰੋਲ ਉੱਤੇ ਨਹੀਂ, ਅਤੇ

ਕਿਸੇ ਅਦਾਲਤ ਨੇ ਤੁਹਾਨੂੰ ਮਾਨਸਿਕ ਤੌਰ ਉੱਤੇ ਅਯੋਗ ਨਹੀਂ ਕਰਾਰ ਕੀਤਾ

ਕੀ ਤੁਸੀਂ ਪਹਿਲਾ ਹੀ ਰਜਿਸਟਰਡ ਹੋ?

ਆਪਣੀ ਰਜਿਸਟਰੇਸ਼ਨ ਨੂੰ ਚੈਕ ਕਰੋ, ਜਾਂ ਲੋੜ ਮੁਤਾਬਿਕ ਅੱਪਡੇਟ ਕਰੋ ਜੀ।
ਤੁਸੀਂ voterstatus.sos.ca.gov ਉੱਤੇ ਜਾ ਕੇ

- ਆਪਣਾ ਪਤਾ ਬਦਲ ਸਕਦੇ ਹੋ
- ਈ-ਮੇਲ ਰਾਹੀਂ ਚੋਣ ਸਮੱਗਰੀ ਪ੍ਰਾਪਤ ਕਰਨ ਦੀ ਸੁਵਿਧਾ ਹਾਸਿਲ ਕਰ ਸਕਦੇ ਹੋ
- ਜੇ ਪੰਜਾਬੀ ਜਾਂ ਤੁਹਾਡੀ ਪਸੰਦ ਦੀ ਕਿਸੇ ਹੋਰ ਭਾਸ਼ਾ ਵਿੱਚ ਤੁਹਾਡੀ ਕਾਉਂਟੀ ਜਾਂ ਇਲਾਕੇ ਵਿੱਚ ਚੋਣ ਸਮੱਗਰੀ ਉਪਲਬਧ ਹੈ, ਤਾਂ ਤੁਸੀਂ ਆਪਣੀ ਰਜਿਸਟਰੇਸ਼ਨ ਅੱਪਡੇਟ ਕਰਕੇ ਇਸ ਸੇਵਾ ਦਾ ਫਾਇਦਾ ਉਠਾ ਸਕਦੇ ਹੋ।

ਤੁਸੀਂ ਸੈਂਟਾ ਕਲਾਰਾ ਕਾਉਂਟੀ ਦੇ ਵੋਟਰ ਰਜਿਸਟਰਾਰ ਦੀ ਵੈਬਸਾਈਟ ਉੱਤੇ ਉਪਲਬਧ ਵੋਟਰ ਐਕਸ਼ਨ ਰਿਕੁਐਸਟ ਫਾਰਮ ਭਰ ਕੇ ਵੀ ਪੰਜਾਬੀ ਵਿੱਚ ਚੋਣ ਸਮੱਗਰੀ ਹਾਸਿਲ ਕਰ ਸਕਦੇ ਹੋ। ਇਹ ਫਾਰਮ ਤੁਸੀਂ ਡਾਕ, ਈ-ਮੇਲ ਜਾਂ ਫੈਕਸ ਰਾਹੀਂ ਮੋੜ ਸਕਦੇ ਹੋ।

### ਕੀ ਤੁਸੀਂ ਵੋਟਰ ਬਣਨ ਲਈ ਰਜਿਸਟਰ ਕਰਨਾ ਚਾਹੁੰਦੇ ਹੋ?

**ਸੋਮਵਾਰ, 19 ਅਕਤੂਬਰ 2020** ਤੱਕ ਤੁਸੀਂ ਹੇਠ ਲਿਖੇ ਤਰੀਕਿਆਂ ਰਾਹੀਂ ਵੋਟਰ ਬਣ ਸਕਦੇ ਹੋ:

- ਇੰਟਰਨੈੱਟ ਉੱਤੇ www.registertovote.ca.gov
- ਡੀ.ਐਮ.ਵੀ, ਡਾਕਖਾਨੇ, ਲਾਈਬ੍ਰੇਰੀ ਜਾਂ ਕਾਉਂਟੀ ਦੇ ਮੁੱਖ ਚੋਣ ਦਫਤਰ ਵਿਖੇ ਵੋਟਰ ਰਜਿਸਟ੍ਰੇਸ਼ਨ ਫਾਰਮ ਭਰ ਕੇ
- 1-866-430-VOTE (8683) ਉੱਤੇ ਫੋਨ ਕਰਕੇ ਤੁਸੀਂ ਵੋਟਰ ਰਜਿਸਟ੍ਰੇਸ਼ਨ ਫਾਰਮ ਡਾਕ ਰਾਹੀਂ ਤੁਹਾਨੂੰ ਭੇਜਣ ਲਈ ਬੇਨਤੀ ਕਰ ਸਕਦੇ ਹੋ। ਇਹ ਫਾਰਮ 19 ਅਕਤੂਬਰ ਤੱਕ ਵਾਪਸ ਡਾਕ ਵਿੱਚ ਹੋਣਾ ਚਾਹੀਦਾ ਹੈ। ਇਸ ਵਿੱਚ ਕੋਈ ਵੀ ਸਟੈਂਪ ਜਾਂ ਫੀਸ ਨਹੀਂ ਲੱਗਦੀ।

ਕੀ ਤੁਸੀਂ 19 ਅਕਤੂਬਰ ਤੋਂ ਬਾਅਦ ਵੀ ਰਜਿਸਟਰ ਹੋ ਕੇ ਨਵੰਬਰ ਵਿੱਚ ਵੋਟ ਪਾ ਸਕਦੇ ਹੋ?

ਹਾਂ ਜੀ, ਬਿਲਕੁਲ। ਤੁਸੀਂ ਚੋਣਾਂ ਦੇ ਦਿਨ ਤੱਕ ਰਜਿਸਟਰ ਹੋ ਕੇ ਵੋਟ ਪਾ ਸਕਦੇ ਹੋ। ਇਸ ਦੇ ਦੋ ਤਰੀਕੇ ਹਨ:

ਪਹਿਲਾ ਢੰਗ: ਤੁਸੀਂ ਆਪਣੀ ਕਾਉਂਟੀ ਦੇ ਮੁੱਖ ਚੋਣ ਦਫਤਰ ਜਾਂ ਕਿਸੇ ਵੀ ਵੋਟਿੰਗ ਸੈਂਟਰ ਵਿਖੇ ਜਾ ਕੇ ਸੇਮ ਡੇਅ ਰਜਿਸਟ੍ਰੇਸ਼ਨ ਰਾਹੀਂ ਰਜਿਸਟਰ ਹੋ ਕੇ ਵੋਟ ਪਾ ਸਕਦੇ ਹੋ। ਤੁਹਾਨੂੰ ਉੱਥੇ ਹੀ ਰਜਿਸਟ੍ਰੇਸ਼ਨ ਫਾਰਮ ਅਤੇ ਬੈਲੱਟ ਪੇਪਰ ਦਿੱਤੇ ਜਾਣਗੇ।

ਦੂਸਰਾ ਢੰਗ: ਜੇ ਤੁਸੀਂ ਰਜਿਸਟਰਡ ਵੋਟਰ ਨਹੀਂ ਅਤੇ ਕਿਸੇ ਵੋਟਿੰਗ ਸੈਂਟਰ ਵਿੱਚ ਨਹੀਂ ਜਾ ਸਕਦੇ, ਕਿਰਪਾ ਕਰਕੇ ਆਪਣੀ ਕਾਉਂਟੀ ਦੇ ਚੋਣ ਦਫਤਰ ਨਾਲ ਸੰਪਰਕ ਕਰਕੇ "ਰੀਮੋਟ ਐਕਸੈਸੀਬਲ ਵੋਟ ਬਾਏ ਮੇਲ" ਵਾਰੇ ਪਤਾ ਕਰੋ ਜੀ।

ASIAN AMERICANS
ADVANCING
JUSTICE
ASIAN LAW CAUCUS

# ਵੋਟ ਪਾਉਣੀ ਕਿਵੇਂ ਹੈ? ਤੁਹਾਡੇ ਕੋਲ ਕਈ ਤਰੀਕੇ ਹਨ!

## ਘਰੋਂ ਡਾਕ ਰਾਹੀਂ ਵੋਟ ਪਾਉਣ ਦੀ ਸੁਵਿਧਾ

ਜੇ ਤੁਸੀਂ 19 ਅਕਤੂਬਰ 2020 ਤੱਕ ਰਜਿਸਟਰ ਕਰਦੇ ਹੋ, ਤਾਂ ਆਪਣੇ-ਆਪ ਤੁਹਾਨੂੰ **ਡਾਕ ਰਾਹੀਂ ਬੈਲੱਟ ਪੇਪਰ (ਮਤਦਾਨ ਪੱਤਰ)** ਅਤੇ ਇਸ ਨੂੰ ਭਰਨ ਅਤੇ ਮੋੜਨ ਵਾਰੇ ਜਾਣਕਾਰੀ ਭੇਜ ਦਿੱਤੀ ਜਾਵੇਗੀ। ਡਾਕ ਰਾਹੀਂ ਮਿਲਿਆ ਬੈਲੱਟ ਪੇਪਰ ਮੋੜਨ ਦੇ ਹੇਠ ਲਿਖੇ ਤਰੀਕੇ ਹਨ:

1. ਡਾਕ ਰਾਹੀਂ ਬੈਲੱਟ ਮੋੜ ਦੇਵੋ ਜੀ - ਕੋਈ ਸਟੈਂਪ ਜਾਂ ਫੀਸ ਨਹੀਂ ਲੱਗਦੀ
    - ਕਿਰਪਾ ਕਰਕੇ ਬੈਲੱਟ ਪੇਪਰ ਉੱਤੇ ਦਸਤਖਤ ਕਰਕੇ ਸਹੀ ਤਾਰੀਖ ਪਾਉਣੀ ਨਾ ਭੁੱਲੋ ਜੀ।
    - ਤੁਹਾਡਾ ਬੈਲੱਟ ਪੇਪਰ ਚੋਣ ਦਿਵਸ, 3 ਨਵੰਬਰ 2020, ਦਿਨ ਮੰਗਲਵਾਰ ਨੂੰ ਵੋਟਿੰਗ ਖਤਮ ਹੋਣ ਤੋਂ ਪਹਿਲਾਂ ਡਾਕ ਵਿੱਚ ਹੋਣਾ ਚਾਹੀਦਾ ਹੈ। ਤੁਸੀਂ 3 ਨਵੰਬਰ ਦੇ ਦਿਨ ਡਾਕਖਾਨੇ (ਪੋਸਟ ਆਫਿਸ) ਬੰਦ ਹੋਣ ਤੱਕ ਇਸ ਨੂੰ ਉੱਥੇ ਦੇ ਸਕਦੇ ਹੋ। ਤੁਹਾਡੇ ਘਰ ਦੇ ਸਾਹਮਣੇ ਬਣੇ ਡਾਕ ਦੇ ਡੱਬੇ (ਮੇਲ ਬਾਕਸ), ਜਾਂ ਜੇ ਤੁਸੀਂ ਅਪਾਰਟਮੈਂਟ ਜਾ ਟਾਊਨਹਾਊਸ ਵਿੱਚ ਰਹਿੰਦੇ ਹੋ, ਉੱਥੇ ਬਾਹਰ ਜਾਣ ਵਾਲੀ ਡਾਕ (ਆਊਟਗੋਇੰਗ ਮੇਲ) ਦੇ ਡੱਬੇ ਰਾਹੀਂ ਵੀ ਬੈਲੱਟ ਪੇਪਰ ਵਾਪਸ ਕੀਤੇ ਜਾ ਸਕਦੇ ਹਨ।

2. ਤੁਸੀਂ ਡਾਕ ਰਾਹੀਂ ਮਿਲੇ ਆਪਣੇ ਬੈਲੱਟ ਪੇਪਰ ਨੂੰ ਕਿਸੇ ਵੀ ਵੋਟਿੰਗ ਸੈਂਟਰ (ਮਤਦਾਨ ਕੇਂਦਰ) ਜਾਂ ਬੈਲੱਟ ਮੋੜਨ ਲਈ ਬਣੇ ਸੁਰੱਖਿਅਤ ਬਕਸੇ (ਡ੍ਰੌਪ ਬੌਕਸ) ਰਾਹੀਂ ਮੋੜ ਸਕਦੇ ਹੋ। ਇਸ ਦਾ ਕੋਈ ਖਰਚਾ ਨਹੀਂ, ਸਭ ਤਰੀਕੇ ਮੁਫ਼ਤ ਹਨ। 5 ਅਕਤੂਬਰ 2020 ਤੋਂ ਬੈਲੱਟ ਮੋੜਨ ਵਾਸਤੇ ਸੁਰੱਖਿਅਤ ਬਕਸੇ ਕਾਊਂਟੀ ਵਿੱਚ ਅਲੱਗ-ਅਲੱਗ ਜਗ੍ਹਾ ਉੱਤੇ ਲਗਾ ਦਿੱਤੇ ਜਾਣਗੇ। ਇਨ੍ਹਾਂ ਬਕਸਿਆਂ ਰਾਹੀਂ ਤੁਸੀਂ ਦਿਨ-ਰਾਤ ਕਿਸੇ ਵੀ ਵੇਲੇ 3 ਨਵੰਬਰ 2020 ਸ਼ਾਮ 8 ਵਜੇ ਤੱਕ ਆਪਣਾ ਬੈਲੱਟ ਪੇਪਰ ਸੁਰੱਖਿਅਤ ਤਰੀਕੇ ਨਾਲ ਵਾਪਸ ਕਰ ਸਕਦੇ ਹੋ। ਤੁਹਾਡੇ ਨੇੜੇ ਬਣੇ ਵੋਟਿੰਗ ਸੈਂਟਰ ਅਤੇ ਡ੍ਰੌਪ ਬੌਕਸ ਦੀ ਸੂਚੀ, ਸਥਾਨ, ਪਤਾ ਅਤੇ ਸਮਾਂ ਦੇਖਣ ਲਈ ਇੰਟਰਨੈਟ ਰਾਹੀਂ eservices.sccgov.org/rov/ ਉੱਤੇ ਜਾਉ ਜੀ।

## ਵੋਟਿੰਗ ਸੈਂਟਰ ਵਿਖੇ ਜਾ ਕੇ ਆਪ ਵੋਟ ਪਾਉਣੀ

ਜੇ ਤੁਹਾਨੂੰ ਠੀਕ ਲੱਗਦਾ ਹੈ, ਤਾਂ ਤੁਸੀਂ ਵੋਟਿੰਗ ਸੈਂਟਰ (ਮਤਦਾਨ ਕੇਂਦਰ) ਵਿੱਚ ਆਪ ਜਾ ਕੇ ਵੀ ਵੋਟ ਪਾ ਸਕਦੇ ਹੋ। ਜੇ ਤੁਹਾਨੂੰ ਡਾਕ ਰਾਹੀਂ ਬੈਲੱਟ ਪੇਪਰ ਮਿਲਿਆ ਹੈ ਤਾਂ ਕਿਰਪਾ ਕਰਕੇ ਉਸ ਨੂੰ ਨਾਲ ਲੈ ਕੇ ਜਾਣ ਦੀ ਕੋਸ਼ਿਸ਼ ਕਰੋ ਜੀ। ਤੁਸੀਂ ਇਸ ਬੈਲੱਟ ਪੇਪਰ ਨੂੰ ਉੱਥੇ ਹੀ ਵਾਪਸ ਕਰ ਸਕਦੇ ਹੋ। ਜੇ ਤੁਤੁਸੀਂ ਬੈਲੱਟ ਪੇਪਰ ਨਾਲ ਨਹੀਂ ਲਾਇ ਕੇ ਗਏ, ਤਾਂ ਤੁਹਾਨੂੰ ਉੱਥੇ ਵੀ ਬੈਲੱਟ ਪੇਪਰ ਮਿਲ ਜਾਵੇਗਾ। ਤੁਹਾਡੇ ਕਾਊਂਟੀ ਦੇ ਚੋਣ ਦਫਤਰ ਅਤੇ ਹੋਰ ਵੋਟਿੰਗ ਸੈਂਟਰਾਂ ਵਿੱਚ "ਅਰਲੀ ਵੋਟਿੰਗ" ਅਤੇ "ਸੇਮ ਡੇਅ ਰਜਿਸਟ੍ਰੇਸ਼ਨ" ਦੀ ਸੁਵਿਧਾ ਉਪਲਬਧ ਹੈ।

ਸੈਂਟਾ ਕਲਾਰਾ ਕਾਊਂਟੀ ਦੇ ਮੁੱਖ ਚੋਣ ਦਫਤਰ ਦਾ ਪਤਾ: 1555 Berger Drive Building 2, San Jose, CA 95112
ਇਸ ਪਤੇ ਉੱਤੇ ਵੋਟਿੰਗ ਦਾ ਸਮਾਂ
ਸੋਮਵਾਰ ਤੋਂ ਸ਼ੁੱਕਰਵਾਰ, 5 ਅਕਤੂਬਰ ਤੋਂ 2 ਨਵੰਬਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨਿੱਚਰਵਾਰ -ਐਤਵਾਰ, 24 ਅਤੇ 25 ਅਕਤੂਬਰ, 31 ਅਕਤੂਬਰ ਅਤੇ 1 ਨਵੰਬਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ
3 ਨਵੰਬਰ, ਸਵੇਰੇ 7 ਵਜੇ ਤੋਂ ਸ਼ਾਮ 8 ਵਜੇ ਤੱਕ

ਤੁਸੀਂ ਕਾਊਂਟੀ ਦੇ ਕਿਸੇ ਵੀ ਵੋਟਿੰਗ ਸੈਂਟਰ (ਮਤਦਾਨ ਕੇਂਦਰ) ਵਿੱਚ ਜਾ ਕੇ ਵੋਟ ਪਾ ਸਕਦੇ ਹੋ। **ਵੋਟਿੰਗ ਸੈਂਟਰ ਸ਼ਨਿੱਚਰਵਾਰ, 31 ਅਕਤੂਬਰ 2020 ਤੋਂ ਮੰਗਲਵਾਰ, 3 ਨਵੰਬਰ 2020 ਤੱਕ ਖੁੱਲ੍ਹੇ ਰਹਿਣਗੇ।** ਤੁਹਾਨੂੰ ਵੋਟਿੰਗ ਸੈਂਟਰਾਂ ਦੀ ਸੂਚੀ, ਪਤਾ ਅਤੇ ਖੁੱਲਣ ਦਾ ਸਮਾਂ ਡਾਕ ਰਾਹੀਂ ਭੇਜੀ ਜਾਂਦੀ ਚੋਣ ਸਮੱਗਰੀ ਰਾਹੀਂ ਦੱਸਿਆ ਜਾਵੇਗਾ। ਤੁਸੀਂ ਇੰਟਰਨੈਟ ਉੱਤੇ ਇਸ ਵੈਬਸਾਈਟ ਉੱਤੇ ਵੀ ਇਹ ਜਾਣਕਾਰੀ ਦੇਖ ਸਕਦੇ ਹੋ: eservices.sccgov.org/rov/

ਕੈਲੀਫੋਰਨੀਆ ਵਿੱਚ **ਵੋਟ ਪਾਉਣ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 8 ਵਜੇ ਤੱਕ ਹੈ।** *ਜੇ ਤੁਸੀਂ ਸ਼ਾਮ 8 ਵਜੇ ਤੱਕ ਵੋਟ ਪਾਉਣ ਲਈ ਕਤਾਰ ਵਿੱਚ ਖੜੇ ਹੋ, ਤਾਂ ਤੁਹਾਨੂੰ ਵੋਟ ਪਾਉਣ ਦਾ ਹੱਕ ਹੋਵੇਗਾ।*

ਤੁਸੀਂ ਕਿਸੇ ਵੀ ਵੋਟਿੰਗ ਸੈਂਟਰ ਵਿਖੇ ਜਾ ਕੇ ਚੋਣ ਕਰਮਚਾਰੀ ਨੂੰ ਆਪਣਾ ਨਾਮ ਅਤੇ ਪਤਾ ਦੱਸੋ ਜੀ। ਅੰਗਰੇਜ਼ੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿੱਚ ਵੋਟ ਪਾਉਣ ਲਈ ਮਦਦ ਲੈਣ ਲਈ ਤੁਸੀਂ ਉੱਥੇ ਮੌਜੂਦ ਕਰਮਚਾਰੀਆਂ ਤੋਂ ਪੰਜਾਬੀ ਵਿੱਚ ਚੋਣ ਸਮੱਗਰੀ ਅਤੇ ਕਿਸੇ ਪੰਜਾਬੀ ਬੋਲਣ ਵਾਲੇ ਕਰਮਚਾਰੀ ਦੀਆਂ ਸੇਵਾਵਾਂ ਲਈ ਬੇਨਤੀ ਕਰ ਸਕਦੇ ਹੋ।

### ਕੀ ਵੋਟਰਾਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਲਈ ਨਿਯਮ ਲਾਗੂ ਕੀਤੇ ਜਾ ਰਹੇ ਹਨ?

ਹਾਂ ਜੀ, ਬਿਲਕੁਲ। ਵੋਟਿੰਗ ਸੈਂਟਰ ਦੇ ਕਰਮਚਾਰੀ ਮਾਸਕ ਪਹਿਨਣ ਤੋਂ ਇਲਾਵਾ ਪਬਲਿਕ ਹੈਲਥ ਵਿਭਾਗ ਵੱਲੋਂ ਦਰਸਾਏ ਨਿਯਮਾਂ ਮੁਤਾਬਿਕ ਵੋਟਰਾਂ ਨੂੰ ਸਰੀਰਕ ਤੌਰ ਉੱਤੇ ਦੂਰ ਰੱਖਣ ਲਈ ਵੋਟਿੰਗ ਸੈਂਟਰ ਤਿਆਰ ਕਰਨਗੇ। ਵੋਟਰਾਂ ਨੂੰ ਵੀ ਰਾਜ ਪੱਧਰੀ ਅਤੇ ਸਥਾਨਕ ਜਨਤਕ ਸਿਹਤ ਸੇਵਾਵਾਂ ਵਿਭਾਗ ਦੇ ਨੱਕ-ਮੂੰਹ ਢਕਣ, ਮਾਸਕ ਪਹਿਨਣ ਅਤੇ ਇੱਕ-ਦੂਸਰੇ ਤੋਂ ਦੂਰੀ ਬਣਾਉਣ ਦੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

ASIAN AMERICANS
ADVANCING JUSTICE
ASIAN LAW CAUCUS

## ਕੀ ਵੋਟ ਪਾਉਣ ਵੇਲੇ ਮੈਨੂੰ ਆਈ.ਡੀ. ਦਿਖਾਉਣ ਦੀ ਲੋੜ ਹੈ?

ਆਮ ਤੌਰ ਉੱਤੇ ਨਹੀਂ ਜੀ। ਤੁਹਾਨੂੰ ਆਈ.ਡੀ. ਜਾਂ ਕੋਈ ਹੋਰ ਪਛਾਣ ਪੱਤਰ ਜਾਂ ਦਸਤਾਵੇਜ਼ ਦਿਖਾਉਣ ਦੀ ਲੋੜ ਸਿਰਫ ਉਦੋਂ ਹੈ ਜੇ ਤੁਸੀਂ ਪਹਿਲੀ ਵਾਰ ਵੋਟ ਪਾ ਰਹੇ ਹੋ, ਅਤੇ ਰਜਿਸਟ੍ਰੇਸ਼ਨ ਵੇਲੇ ਤੁਸੀਂ ਆਪਣਾ ਡਰਾਈਵਰ ਲਾਇਸੈਂਸ ਨੰਬਰ ਜਾਂ ਸਟੇਟ ਆਈ.ਡੀ. ਨੰਬਰ ਜਾਂ ਸੋਸ਼ਲ ਸਕਿਉਰਿਟੀ ਨੰਬਰ ਨਹੀਂ ਦਿੱਤਾ ਸੀ। ਅਜਿਹੀ ਹਾਲਤ ਵਿੱਚ ਲੋੜ ਮੁਤਾਬਿਕ ਦਸਤਾਵੇਜ਼ ਦਿਖਾਉ ਜੀ। ਜੇ ਤੁਹਾਨੂੰ ਫਿਕਰ ਹੈ ਤਾਂ ਆਪਣੀ ਕਾਉਂਟੀ ਦੇ ਮੁੱਖ ਚੋਣ ਦਫਤਰ ਨਾਲ ਸੰਪਰਕ ਕਰੋ ਜੀ।

## ਕੀ ਵੋਟ ਪਾਉਣ ਵੇਲੇ ਤੁਸੀਂ ਕਿਸੇ ਨੂੰ ਨਾਲ ਲਿਆ ਸਕਦੇ ਹੋ?

ਹਾਂ ਜੀ, ਕੈਲੀਫੋਰਨੀਆ ਦੇ ਕਾਨੂੰਨ ਮੁਤਾਬਿਕ ਤੁਸੀਂ ਵੋਟ ਪਾਉਣ ਵੇਲੇ ਵੱਧ ਤੋਂ ਵੱਧ 2 ਲੋਕ ਮਦਦ ਲਈ ਆਪਣੇ ਨਾਲ ਲਿਜਾ ਸਕਦੇ ਹੋ। ਇਹ ਮਦਦ ਕਰਨ ਵਾਲੇ ਵਿਅਕਤੀ ਤੁਹਾਡੇ ਕੰਮ ਜਾਂ ਯੂਨੀਅਨ ਨਾਲ ਸੰਬੰਧਿਤ ਨਹੀਂ ਹੋਣੇ ਚਾਹੀਦੇ। ਕੋਸ਼ਿਸ਼ ਕਰੋ ਕਿ ਆਪਣੇ ਨਾਲ ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ-ਮਿੱਤਰ ਨੂੰ ਲਿਜਾ ਸਕੋ।

# ਜੇ ਵੋਟ ਪਾਉਣ ਵੇਲੇ ਮੈਨੂੰ ਕੋਈ ਸਮੱਸਿਆ ਆਉਂਦੀ ਹੈ?

ਦਿਲ ਨਾ ਹਾਰੋ। ਵੋਟਿੰਗ ਸੈਂਟਰ ਵਿੱਚ ਮੌਜੂਦ ਕਰਮਚਾਰੀਆਂ ਨੂੰ **ਸੇਮ ਡੇਅ ਵੋਟਰ ਰਜਿਸਟ੍ਰੇਸ਼ਨ ਵਾਰੇ ਪੁੱਛੋ ਜੀ।** ਇਸ ਤਰੀਕੇ ਰਾਹੀਂ ਤੁਸੀਂ ਉਸੇ ਦਿਨ ਰਜਿਸਟਰ ਹੋ ਕੇ ਵੋਟ ਪਾ ਸਕਦੇ ਹੋ। ਜੇ ਕਿਸੇ ਕਾਰਨ ਇਹ ਸੁਵਿਧਾ ਉਪਲਬਧ ਨਹੀਂ, ਤਾਂ **ਪ੍ਰੋਵਿਜ਼ਨਲ ਬੈਲੱਟ ਵਾਰੇ ਪੁੱਛੋ ਜੀ।** ਇਸ ਬੈਲੱਟ ਨੂੰ ਚੋਣ ਦਿਵਸ ਤੋਂ ਬਾਅਦ ਤੁਹਾਡੀ ਯੋਗਤਾ ਦੀ ਪੜਤਾਲ ਉਪਰੰਤ ਗਿਣਿਆ ਜਾਵੇਗਾ।

ਮਦਦ ਲਈ ਤੁਸੀਂ ਹੇਠ ਲਿਖੇ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹੋ:

- 866-687-8683 ਅੰਗਰੇਜ਼ੀ ਵਿੱਚ ਮਦਦ ਲਈ
- 888-274-8683 ਅੰਗਰੇਜ਼ੀ, ਮੈਂਡਰਿਨ, ਕੈਨਟੋਨੀਜ਼, ਵੀਅਤਨਾਮੀ, ਕੋਰੀਅਨ, ਬੰਗਾਲੀ, ਉਰਦੂ, ਹਿੰਦੀ, ਅਤੇ ਤਗਾਲੋਗ ਭਾਸ਼ਾ ਵਿੱਚ ਸਹਾਇਤਾ ਲਈ
- 888-839-8682 ਅੰਗਰੇਜ਼ੀ-ਸਪੈਨਿਸ਼ ਦੋਭਾਸ਼ੀਆ ਸੇਵਾਵਾਂ ਲਈ ਮੁਫ਼ਤ ਨੰਬਰ

## ਕੀ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੋਟ ਪਾ ਸਕਦੇ ਹੋ?

ਹਾਂ ਜੀ, ਬਿਲਕੁਲ। ਜੇ ਤੁਸੀਂ ਖਮੇਰ, ਚਾਈਨੀਜ਼, ਤਗਾਲੋਗ, ਹਿੰਦੀ, ਜਪਾਨੀ, ਕੋਰੀਅਨ, ਸਪੈਨਿਸ਼ ਜਾਂ ਵੀਅਤਨਾਮੀ ਵਿੱਚ ਵੋਟ ਪਾਉਣੀ ਚਾਹੁੰਦੇ ਹੋ, ਤਾਂ ਵੋਟ ਪਾਉਣ ਲਈ ਅਨੁਵਾਦਿਤ ਬੈਲੱਟ ਪੇਪਰ ਇਨ੍ਹਾਂ ਭਾਸ਼ਾਵਾਂ ਵਿੱਚ ਉਪਲਬਧ ਹਨ। ਜੇ ਤੁਸੀਂ ਨੇਪਾਲੀ, ਗੁਜਰਾਤੀ, ਪੰਜਾਬੀ, ਤਾਮਿਲ ਅਤੇ ਤੇਲਗੂ ਭਾਸ਼ਾ ਬੋਲਦੇ ਹੋ, ਤਾਂ ਸੈਂਟਾ ਕਲਾਰਾ ਕਾਉਂਟੀ ਵਿੱਚ ਤੁਸੀਂ ਇਨ੍ਹਾਂ ਭਾਸ਼ਾਵਾਂ ਵਿੱਚ ਫੈਕਸੀਮਾਈਲ (ਨਮੂਨਾ) ਬੈਲੱਟ ਪ੍ਰਾਪਤ ਕਰ ਸਕਦੇ ਹੋ।

ਜੇ ਤੁਸੀਂ ਡਾਕ ਰਾਹੀਂ ਘਰੋਂ ਵੋਟ ਪਾ ਰਹੇ ਹੋ, ਅਤੇ ਤੁਸੀਂ ਅਨੁਵਾਦ (ਤਰਜਮਾ) ਕੀਤੇ ਬੈਲੱਟ ਪੇਪਰ (ਮਤਦਾਨ ਪੱਤਰ) ਜਾਂ ਹੋਰ ਕੋਈ ਸਮੱਗਰੀ ਪੰਜਾਬੀ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸੈਂਟਾ ਕਲਾਰਾ ਕੌਂਣ ਦੇ ਮੁੱਖ ਚੋਣ ਦਫਤਰ ਨੂੰ ਉੱਤੇ ਸੰਪਰਕ ਕਰੋ ਜੀ, ਅਤੇ ਉਨ੍ਹਾਂ ਨੂੰ ਅਨੁਵਾਦਿਤ ਬੈਲੱਟ ਪੇਪਰ ਅਤੇ ਹੋਰ ਸਮੱਗਰੀ ਪੰਜਾਬੀ ਵਿੱਚ ਤੁਹਾਨੂੰ ਭੇਜਣ ਲਈ ਬੇਨਤੀ ਕਰੋ ਜੀ। ਕਾਉਂਟੀ ਇਹ ਸਭ ਤੁਹਾਨੂੰ ਮੁਫ਼ਤ ਵਿੱਚ ਡਾਕ ਰਾਹੀਂ ਭੇਜੇਗੀ।

ਜੇ ਤੁਸੀਂ ਆਪ ਜਾ ਕੇ ਵੋਟਿੰਗ ਸੈਂਟਰ ਵਿੱਚ ਵੋਟ ਪਾਉਣੀ ਚਾਹੁੰਦੇ ਹੋ, ਤਾਂ ਵੋਟਿੰਗ ਸੈਂਟਰ (ਮਤਦਾਨ ਕੇਂਦਰ) ਵਿਚਲੇ ਕਰਮਚਾਰੀਆਂ ਤੋਂ ਪੰਜਾਬੀ ਵਿੱਚ ਸਮੱਗਰੀ ਦੀ ਮੰਗ ਕਰ ਸਕਦੇ ਹੋ। ਹੋ ਸਕਦਾ ਹੈ ਕਿ ਵੋਟਿੰਗ ਸੈਂਟਰ ਵਿੱਚ ਪੰਜਾਬੀ ਬੋਲਣ ਵਾਲੇ ਚੋਣ ਕਰਮਚਾਰੀ ਸੇਵਾ ਨਿਭਾ ਰਹੇ ਹੋਣ ਜੋ ਤੁਹਾਡੀ ਮਦਦ ਕਰ ਸਕਦੇ ਹਨ।

ਤੁਸੀਂ ਇੰਟਰਨੈਟ ਰਾਹੀਂ ਇਸ ਪਤੇ ਉੱਤੇ ਤੁਹਾਡੀ ਕਾਉਂਟੀ ਵਿੱਚ ਤੁਹਾਡੀ ਭਾਸ਼ਾ ਵਿੱਚ ਵੋਟਿੰਗ ਵਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ: [advancingjustice-alc.org/know-your-voting-rights/](advancingjustice-alc.org/know-your-voting-rights/)

Asian Americans Advancing Justice - Asian Law Caucus
55 Columbus Avenue, San Francisco, CA 94111
Telephone (415) 896-1701
www.advancingjustice-alc.org